# ਪ੍ਰਾਥਮਿਕਤਾ ਮੋਡ: ਯਾਤਰਾ ਦੀਆਂ ਬੇਨਤੀਆਂ ਪਹਿਲ ਦੇ ਆਧਾਰ 'ਤੇ ਪ੍ਰਾਪਤ ਕਰੋ

ਅਸੀਂ ਜਾਣਦੇ ਹਾਂ ਕਿ ਜਦੋਂ ਤੁਸੀਂ ਔਨਲਾਈਨ ਆਉਂਦੇ ਹੋ ਤਾਂ ਉਦੋਂ ਤੁਸੀਂ ਵੱਧ ਤੋਂ ਵੱਧ ਕਮਾਈ ਕਰਨਾ ਚਾਹੁੰਦੇ ਹੋ। 24 ਅਗਸਤ ਤੋਂ, **ਪ੍ਰਾਥਮਿਕਤਾ ਮੋਡ (ਪ੍ਰਾਈਓਰਿਟੀ ਮੋਡ)** ਤੁਹਾਨੂੰ ਦੂਜੇ ਡਰਾਈਵਰਾਂ ਦੇ ਮੁਕਾਬਲੇ ਪਹਿਲ ਦੇ ਆਧਾਰ 'ਤੇ ਯਾਤਰਾ ਦੀਆਂ ਬੇਨਤੀਆਂ ਪ੍ਰਦਾਨ ਕਰਵਾਏਗਾ, ਇਸ ਨਾਲ ਯਾਤਰਾਵਾਂ ਦੇ ਵਿਚਕਾਰ ਤੁਹਾਡਾ ਖਾਲੀ ਸਮਾਂ ਘੱਟ ਜਾਵੇਗਾ ਤਾਂ ਜੋ ਤੁਸੀ ਸਮੁੱਚੇ ਤੌਰ 'ਤੇ ਵੱਧ ਤੋਂ ਵੱਧ ਕਮਾ ਸਕੋ।

**ਪ੍ਰਾਥਮਿਕਤਾ ਮੋਡ ਕਿਵੇਂ ਕੰਮ ਕਰਦਾ ਹੈ**

- **ਚੁਣੋ ਕਿ ਇਸ ਨੂੰ ਕਦੋਂ ਚਾਲੂ ਕਰਨਾ ਹੈ**
  ਤੁਸੀਂ ਇਹ ਕੰਟਰੋਲ ਕਰ ਸਕਦੇ ਹੋ ਕਿ ਪ੍ਰਾਥਮਿਕਤਾ ਮੋਡ ਕਦੋਂ ਚਾਲੂ ਕਰਨਾ ਹੈ — ਇਸਦੀ ਵਰਤੋਂ ਕਰਨਾ ਤੁਹਾਡੀ ਇੱਛਾ 'ਤੇ ਨਿਰਭਰ ਕਰਦਾ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਇਸਨੂੰ ਚਾਲੂ ਕੀਤੇ ਬਿਨਾਂ ਵੀ ਔਨਲਾਈਨ ਜਾ ਸਕਦੇ ਹੋ। ਤੁਹਾਨੂੰ ਹਰ ਹਫ਼ਤੇ ਪ੍ਰਾਥਮਿਕਤਾ ਮੋਡ ਵਰਤਣ ਲਈ ਕੁਝ ਘੰਟੇ (ਪ੍ਰਾਈਓਰਿਟੀ ਆਵਰਸ) ਪ੍ਰਾਪਤ ਹੋਣਗੇ।
- **ਜਦੋਂ ਇਹ ਘੰਟੇ ਉਪਲਬਧ ਹੋਣ ਇਹਨਾਂ ਦੀ ਵਰਤੋਂ ਕਰੋ**
  ਅਸੀਂ ਇੱਕ ਸਮੇਂ 'ਤੇ ਕੁਝ ਡਰਾਈਵਰਾਂ ਨੂੰ ਹੀ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨ ਦਿੰਦੇ ਹਾਂ — ਜੇ ਤੁਹਾਡੇ ਘੰਟੇ ਉਪਲਬਧ ਨਹੀਂ ਹਨ ਤਾਂ ਥੋੜ੍ਹੇ ਸਮੇਂ ਬਾਅਦ ਦੁਬਾਰਾ ਚੈੱਕ ਕਰੋ।
- **ਯਾਤਰਾ ਦੀਆਂ ਬੇਨਤੀਆਂ ਪਹਿਲ ਦੇ ਆਧਾਰ 'ਤੇ ਪ੍ਰਾਪਤ ਕਰੋ**
  ਪ੍ਰਾਥਮਿਕਤਾ ਮੋਡ ਯਾਤਰਾਵਾਂ ਦੀ ਬੇਨਤੀਆਂ ਦੇ ਵਿਚਕਾਰ ਖਾਲੀ ਸਮੇਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਜਿਹੜੇ ਡਰਾਈਵਰ ਪ੍ਰਾਥਮਿਕਤਾ ਮੋਡ ਦੀ ਵਰਤੋਂ ਨਹੀਂ ਕਰ ਰਹੇ ਹੋਣਗੇ, ਤੁਹਾਨੂੰ ਉਹਨਾਂ ਤੋਂ ਪਹਿਲਾਂ ਯਾਤਰਾ ਦੀਆਂ ਬੇਨਤੀਆਂ ਪ੍ਰਾਪਤ ਹੋਣਗੀਆਂ ਤਾਂ ਜੋ ਤੁਸੀਂ ਵੱਧ ਤੋਂ ਵੱਧ ਸਮਾਂ ਕੰਮ ਵਿੱਚ ਰੁੱਝੇ ਰਹੋ।

**ਤੁਹਾਡੀ ਆਮਦਨ ਕਿਵੇਂ ਕੰਮ ਕਰੇਗੀ**

ਪ੍ਰਾਥਮਿਕਤਾ ਮੋਡ ਵਿੱਚ ਤੁਹਾਨੂੰ ਹਰ ਯਾਤਰਾ ਲਈ ਥੋੜ੍ਹਾ ਘੱਟ ਕਿਰਾਇਆ ਮਿਲੇਗਾ — **ਪਰ ਤੁਹਾਨੂੰ ਓਨੀਆਂ ਵੱਧ ਯਾਤਰਾਵਾਂ ਪ੍ਰਾਪਤ ਹੋਣਗੀਆਂ ਤਾਂ ਜੋ ਤੁਹਾਨੂੰ ਸਮੁੱਚੇ ਤੌਰ 'ਤੇ ਵੱਧ ਆਮਦਨ ਪ੍ਰਾਪਤ ਹੋਵੇ।** ਪ੍ਰਾਥਮਿਕਤਾ ਮੋਡ ਦਾ ਕਿਰਾਇਆ ਦੇਖਣ ਲਈ 24 ਅਗਸਤ ਤੋਂ ਬਾਅਦ ਆਪਣੀ ਡਰਾਈਵਰ ਐਪ ਚੈੱਕ ਕਰੋ।

**ਪ੍ਰਾਥਮਿਕਤਾ ਮੋਡ ਵਿੱਚ ਆਮਦਨ ਵਧਾਉਣ ਦੇ ਸੁਝਾਅ**

- **ਸੁਝਾਅ #1:** ਆਪਣੀ ਆਮਦਨ ਵਧਾਉਣ ਲਈ ਜਦੋਂ ਤੁਹਾਡੇ ਕੋਲ ਪ੍ਰਾਥਮਿਕਤਾ ਘੰਟੇ ਉਪਲਬਧ ਹੋਣ ਤਾਂ ਇਸ ਮੋਡ ਨੂੰ ਚਾਲੂ ਕਰੋ।
- **ਸੁਝਾਅ #2:** ਇਸ ਮੋਡ ਨੂੰ ਲੰਮੇ ਸਮੇਂ ਤੱਕ ਚਾਲੂ ਕਰਕੇ ਰੱਖੋ। ਜਿਵੇਂ-ਜਿਵੇਂ ਯਾਤਰਾਵਾਂ ਦੀਆਂ ਨਵੀਆਂ ਬੇਨਤੀਆਂ ਆਉਣਗੀਆਂ, ਤੁਸੀਂ ਪਹਿਲ ਦੇ ਆਧਾਰ ਉਹਨਾਂ ਨੂੰ ਪ੍ਰਾਪਤ ਕਰਦੇ ਰਹੋਗੇ।

**ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ**

**Lyft ਨੇ ਪ੍ਰਾਥਮਿਕਤਾ ਮੋਡ ਕਿਉਂ ਸ਼ੁਰੂ ਕੀਤਾ ਹੈ?**

ਅਸੀਂ ਹਮੇਸ਼ਾ ਪ੍ਰਾਥਮਿਕਤਾ ਮੋਡ ਵਰਗੇ ਨਵੇਂ ਫੀਚਰਾਂ ਉੱਤੇ ਕੰਮ ਕਰਦੇ ਰਹਿੰਦੇ ਹਾਂ ਤਾਂ ਜੋ ਡਰਾਈਵਰਾਂ ਦੇ ਕੰਮ 'ਤੇ ਹੋਣ ਦੌਰਾਨ ਉਹਨਾਂ ਦੀ ਆਮਦਨ ਨੂੰ ਵਧਾਉਣ ਵਿੱਚ ਮਦਦ ਕੀਤੀ ਜਾ ਸਕੇ। ਜਦੋਂ ਅਸੀਂ ਕੋਵਿਡ-19 ਦੇ ਦੌਰਾਨ ਡਰਾਈਵਰਾਂ ਦੀ ਆਮਦਨ ਨੂੰ ਘੱਟ ਹੁੰਦੇ ਦੇਖਿਆ ਤਾਂ ਅਸੀਂ ਤੁਰੰਤ ਇੱਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਨਾਲ ਡਰਾਈਵਰਾਂ ਨੂੰ ਪ੍ਰਾਥਮਿਕਤਾ ਮੋਡ ਤੋਂ ਬਿਨਾਂ ਦੁੱਗਣੀ ਆਮਦਨ ਪ੍ਰਾਪਤ ਕਰਨ ਵਿੱਚ ਮਦਦ ਮਿਲੀ ਸੀ। ਪਾਇਲਟ ਪ੍ਰੋਗਰਾਮ ਵਿੱਚ ਡਰਾਈਵਰਾਂ ਦਾ ਚੰਗਾ ਫੀਡਬੈਕ ਪ੍ਰਾਪਤ ਹੋਣ 'ਤੇ ਅਸੀਂ ਉਸ ਫੀਚਰ ਦਾ ਇੱਕ ਨਵਾਂ ਵਰਜ਼ਨ ਤਿਆਰ ਕੀਤਾ ਹੈ।

**ਪ੍ਰਾਥਮਿਕਤਾ ਮੋਡ ਕਦੋਂ ਉਪਲਬਧ ਹੁੰਦਾ ਹੈ?**

ਪ੍ਰਾਥਮਿਕਤਾ ਮੋਡ ਸਿਰਫ਼ ਉਦੋਂ ਉਪਲਬਧ ਹੁੰਦਾ ਹੈ ਜਦੋਂ ਸਮੁੱਚੇ ਤੌਰ 'ਤੇ ਤੁਹਾਡੀ ਆਮਦਨ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੁੰਦੀ ਹੈ। ਅਸੀਂ ਇੱਕ ਸਮੇਂ 'ਤੇ ਕੁਝ ਡਰਾਈਵਰਾਂ ਨੂੰ ਹੀ ਪ੍ਰਾਥਮਿਕਤਾ ਮੋਡ ਉਪਲਬਧ ਕਰਵਾਉਂਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਾਥਮਿਕਤਾ ਮੋਡ ਵਾਲੇ ਡਰਾਈਵਰਾਂ ਨੂੰ ਸਵਾਰੀਆਂ ਮਿਲਦੀਆਂ ਰਹਿਣ ਅਤੇ ਉਹ ਗੈਰ-ਪ੍ਰਾਥਮਿਕਤਾ ਮੋਡ ਵਾਲੇ ਡਰਾਈਵਰਾਂ ਨਾਲੋਂ ਵੱਧ ਕਮਾ ਸਕਣ।

**ਕੀ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨਾ ਮੇਰੀ ਇੱਛਾ ਉੱਤੇ ਨਿਰਭਰ ਕਰਦਾ ਹੈ?**

ਹਾਂ ਬਿਲਕੁੱਲ, ਤੁਸੀਂ ਚੁਣ ਸਕਦੇ ਹੋ ਕਿ ਤੁਸੀਂ ਪ੍ਰਾਥਮਿਕਤਾ ਮੋਡ ਨੂੰ ਚਾਲੂ ਕਰਨਾ ਹੈ ਜਾਂ ਨਹੀਂ — ਤੁਸੀਂ ਆਪਣੀ ਇੱਛਾ ਅਨੁਸਾਰ ਇਸਦੀ ਵਰਤੋਂ ਕਰ ਸਕਦੇ ਹੋ ਅਤੇ ਇਸਨੂੰ ਚਾਲੂ ਕੀਤੇ ਬਿਨਾਂ ਵੀ ਔਨਲਾਈਨ ਜਾ ਸਕਦੇ ਹੋ।

**ਕਿਸ ਸਮੇਂ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨਾ ਸਭ ਤੋਂ ਵੱਧ ਫਾਇਦੇਮੰਦ ਹੈ?**

ਅਸੀਂ ਤੁਹਾਨੂੰ ਇਹ ਸਲਾਹ ਦਿਆਂਗੇ ਕਿ ਜਦੋਂ ਵੀ ਤੁਹਾਡੇ ਲਈ ਇਹ ਮੋਡ ਉਪਲਬਧ ਹੋਵੇ ਅਤੇ ਜਦੋਂ ਤੁਹਾਨੂੰ ਯਾਤਰਾ ਦੀਆਂ ਘੱਟ ਬੇਨਤੀਆਂ ਪ੍ਰਾਪਤ ਹੋ ਰਹੀਆਂ ਹੋਣ ਉਦੋਂ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰੋ। ਪ੍ਰਾਥਮਿਕਤਾ ਮੋਡ ਵਿੱਚ, ਤੁਹਾਨੂੰ ਦੂਜੇ ਡਰਾਈਵਰਾਂ ਤੋਂ ਪਹਿਲਾਂ ਯਾਤਰਾ ਦੀਆਂ ਬੇਨਤੀਆਂ ਉਪਲਬਧ ਕਰਵਾਈਆਂ ਜਾਣਗੀਆਂ, ਜਿਸ ਨਾਲ ਤੁਹਾਡਾ ਯਾਤਰਾਵਾਂ ਦੇ ਵਿਚਕਾਰ ਦਾ ਖਾਲੀ ਸਮਾਂ ਘੱਟ ਜਾਵੇਗਾ।

**ਮੈਂ ਹਰ ਹਫ਼ਤੇ ਕਿੰਨੇ ਘੰਟੇ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰ ਸਕਦਾ ਹਾਂ?**

ਮਾਰਕਿਟ ਦੀ ਸਥਿਤੀ ਦੇ ਆਧਾਰ 'ਤੇ ਹਰ ਹਫ਼ਤੇ ਤੁਹਾਨੂੰ ਮਿਲਣ ਵਾਲੇ ਪ੍ਰਾਥਮਿਕਤਾ ਮੋਡ ਦੇ ਘੰਟਿਆਂ ਦੀ ਸੰਖਿਆ ਬਦਲਦੀ ਰਹੇਗੀ।

**ਮੈਂ ਕਿੰਨੀ ਦੇਰ ਤੱਕ ਪ੍ਰਾਥਮਿਕਤਾ ਮੋਡ ਨੂੰ ਚਾਲੂ ਕਰਕੇ ਰੱਖ ਸਕਦਾ ਹਾਂ, ਕੀ ਇਸਦੀ ਕੋਈ ਸੀਮਾ ਹੈ?**

ਨਹੀਂ, ਤੁਸੀਂ ਉਦੋਂ ਤੱਕ ਪ੍ਰਾਥਮਿਕਤਾ ਮੋਡ ਵਿੱਚ ਰਹਿ ਸਕਦੇ ਹੋ ਜਦੋਂ ਤੱਕ ਤੁਹਾਡੇ ਕੋਲ ਉਸ ਹਫ਼ਤੇ ਦੇ ਪ੍ਰਾਥਮਿਕਤਾ ਮੋਡ ਦੇ ਘੰਟੇ ਉਪਲਬਧ ਹਨ।

**ਕੀ ਮੈਂ ਪ੍ਰਾਥਮਿਕਤਾ ਮੋਡ ਨੂੰ ਕਿਸੇ ਵੀ ਸਮੇਂ ਬੰਦ ਕਰ ਸਕਦਾ ਹਾਂ?**

ਹਾਂ, ਤੁਸੀਂ ਸਕ੍ਰੀਨ ਦੇ ਹੇਠਾਂ ਪ੍ਰਾਥਮਿਕਤਾ ਮੋਡ ਵਾਲੀ ਪੱਟੀ ਉੱਤੇ ਟੈਪ ਕਰਕੇ ਪ੍ਰਾਥਮਿਕਤਾ ਮੋਡ ਨੂੰ 'ਬੰਦ' ਕਰਨ ਵਾਲੇ ਬਟਨ ਨੂੰ ਸਾਹਮਣੇ ਲਿਆ ਸਕਦੇ ਹੋ। ਯਾਤਰਾ ਦੇ ਦੌਰਾਨ ਪ੍ਰਾਥਮਿਕਤਾ ਮੋਡ ਨੂੰ ਬੰਦ ਕਰਨ ਲਈ ਤੁਸੀਂ 'ਆਖਰੀ ਯਾਤਰਾ' ਵਾਲੇ ਫੀਚਰ ਦੀ ਵਰਤੋਂ ਵੀ ਕਰ ਸਕਦੇ ਹੋ।

**ਪ੍ਰਾਥਮਿਕਤਾ ਮੋਡ ਉਪਲਬਧ ਕਿਉਂ ਨਹੀ ਹੈ?**

ਇਹ ਹੋ ਸਕਦਾ ਹੈ ਕਿ ਪ੍ਰਾਥਮਿਕਤਾ ਮੋਡ ਹੇਠਾਂ ਦਿੱਤੇ ਕਿਸੇ ਕਾਰਨ ਕਰਕੇ ਤੁਹਾਡੇ ਲਈ ਉਪਲਬਧ ਨਾ ਹੋਵੇ:

- ਤੁਸੀਂ ਹਫ਼ਤੇ ਵਿੱਚ ਮਿਲਣ ਵਾਲੇ ਆਪਣੇ ਸਾਰੇ ਪ੍ਰਾਥਮਿਕਤਾ ਘੰਟੇ ਵਰਤ ਲਏ ਹਨ। ਪ੍ਰਾਥਮਿਕਤਾ ਮੋਡ ਦੇ ਘੰਟੇ ਤੁਹਾਡੇ ਸਥਾਨਕ ਸਮੇਂ

ਅਨੁਸਾਰ ਹਰ ਸੋਮਵਾਰ ਸਵੇਰੇ 5 ਵਜੇ ਰੀਸੈੱਟ ਹੁੰਦੇ ਹਨ।

- ਪ੍ਰਾਥਮਿਕਤਾ ਮੋਡ ਵਿੱਚ ਕੋਈ ਵੀ ਸਥਾਨ ਖਾਲੀ ਨਹੀਂ ਹੈ। ਪ੍ਰਾਥਮਿਕਤਾ ਮੋਡ ਵਿੱਚ ਡਰਾਈਵਰਾਂ ਦੀ ਆਮਦਨ ਨੂੰ ਵਧਾਉਣ ਲਈ, ਅਸੀਂ ਇੱਕ ਸਮੇਂ 'ਤੇ ਕੁਝ ਡਰਾਈਵਰਾਂ ਨੂੰ ਹੀ ਇਸ ਮੋਡ ਦੀ ਵਰਤੋਂ ਕਰਨ ਦੀ ਸਹੂਲਤ ਦਿੰਦੇ ਹਾਂ। ਅਸੀਂ ਇੱਕ ਸਮੇਂ ਉੱਤੇ ਕਿੰਨੇ ਡਰਾਈਵਰਾਂ ਨੂੰ ਪ੍ਰਾਥਮਿਕਤਾ ਮੋਡ ਵਰਤਣ ਦੀ ਇਜਾਜ਼ਤ ਦਿੰਦੇ ਹਾਂ, ਇਹ ਮਾਰਕਿਟ ਦੀ ਸਥਿਤੀ ਉੱਤੇ ਨਿਰਭਰ ਕਰਦਾ ਹੈ।
- ਪ੍ਰਾਥਮਿਕਤਾ ਮੋਡ ਸਿਰਫ਼ ਉਹਨਾਂ ਡਰਾਈਵਰਾਂ ਲਈ ਉਪਲਬਧ ਹੁੰਦਾ ਹੈ ਜੋ ਆਪਣੀਆਂ ਤਰਜੀਹਾਂ ਵਿੱਚ ਹਰ ਕਿਸਮ ਦੀਆਂ ਯਾਤਰਾਵਾਂ ਨੂੰ ਸਵੀਕਾਰ ਕਰਦੇ ਹਨ। ਪ੍ਰਾਥਮਿਕਤਾ ਮੋਡ ਦਾ ਕਿਰਾਇਆ ਇਸ ਵੇਲੇ ਸਿਰਫ਼ ਸਟੈਂਡਰਡ ਯਾਤਰਾਵਾਂ ਉੱਤੇ ਲਾਗੂ ਹੁੰਦਾ ਹੈ, ਪਰ ਤੁਹਾਨੂੰ ਫਿਰ ਵੀ Lyft XL, ਲਗਜ਼, ਲਗਜ਼ ਬਲੈਕ, ਜਾਂ ਲਗਜ਼ ਬਲੈਕ XL ਲਈ ਵੀ ਬੇਨਤੀਆਂ ਪ੍ਰਾਪਤ ਹੋ ਸਕਦੀਆਂ ਹਨ।
- ਪ੍ਰਾਥਮਿਕਤਾ ਮੋਡ ਏਅਰਪੋਰਟ ਲਈ ਉਪਲਬਧ ਨਹੀਂ ਹੈ ਅਤੇ ਇਹ ਏਅਰਪੋਰਟ ਕਤਾਰ ਨੂੰ ਵੀ ਪ੍ਰਭਾਵਿਤ ਨਹੀਂ ਕਰਦਾ ਹੈ।
- ਪ੍ਰਾਥਮਿਕਤਾ ਮੋਡ ਇਸ ਵੇਲੇ ਕੁਝ ਚੁਣਿੰਦਾ ਖੇਤਰਾਂ ਵਿੱਚ ਹੀ ਉਪਲਬਧ ਹੈ।

**ਜਦੋਂ ਮੈਂ ਪ੍ਰਾਥਮਿਕਤਾ ਮੋਡ ਨੂੰ ਬੰਦ ਕਰਦਾ ਹਾਂ ਜਾਂ ਮੇਰੇ ਪ੍ਰਾਥਮਿਕਤਾ ਮੋਡ ਦੇ ਘੰਟੇ ਸਮਾਪਤ ਹੋ ਜਾਂਦੇ ਹਨ ਤਾਂ ਉਦੋਂ ਕੀ ਹੁੰਦਾ ਹੈ?**

ਡਰਾਈਵਰ ਪ੍ਰਾਥਮਿਕਤਾ ਮੋਡ ਨੂੰ ਚਾਲੂ ਕੀਤੇ ਬਿਨਾਂ ਵੀ ਔਨਲਾਈਨ ਜਾ ਸਕਦੇ ਹਨ, ਪਰ ਹੋ ਸਕਦਾ ਹੈ ਕਿ ਉਹਨਾਂ ਨੂੰ ਯਾਤਰਾ ਦੀਆਂ ਘੱਟ ਬੇਨਤੀਆਂ ਪ੍ਰਾਪਤ ਹੋਣ। ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨ ਵਾਲੇ ਡਰਾਈਵਰਾਂ ਨੂੰ ਗੈਰ-ਪ੍ਰਾਥਮਿਕਤਾ ਮੋਡ ਵਾਲੇ ਡਰਾਈਵਰਾਂ ਦੀ ਤੁਲਨਾ ਵਿੱਚ ਵੱਧ ਬੇਨਤੀਆਂ ਪ੍ਰਾਪਤ ਹੋਣ ਦੀ ਸੰਭਾਵਨਾ ਹੁੰਦੀ ਹੈ।

**ਜੇ ਮੈਂ ਇੱਕ ਹਫ਼ਤੇ ਪ੍ਰਾਥਮਿਕਤਾ ਮੋਡ ਵਾਲੇ ਘੰਟਿਆਂ ਦੀ ਵਰਤੋਂ ਨਾ ਕੀਤੀ ਤਾਂ ਕੀ ਉਹ ਘੰਟੇ ਮੇਰੇ ਅਗਲੇ ਹਫ਼ਤੇ ਵਿੱਚ ਜੋੜ ਦਿੱਤੇ ਜਾਣਗੇ?**

ਨਹੀਂ, ਜੇ ਤੁਸੀਂ ਆਪਣੇ ਘੰਟੇ ਨਹੀਂ ਵਰਤਦੇ ਤਾਂ ਉਹ ਅਗਲੇ ਹਫ਼ਤੇ ਦੇ ਘੰਟਿਆਂ ਵਿੱਚ ਨਹੀਂ ਜੋੜੇ ਜਾਣਗੇ।

**ਕੀ ਸਾਰੇ ਡਰਾਈਵਰ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰ ਸਕਦੇ ਹਨ?**

ਇਸ ਵੇਲੇ ਸਿਰਫ਼ ਮਿਆਮੀ, ਔਸਟਿਨ ਅਤੇ ਟੋਰਾਂਟੋ ਦੇ ਖੇਤਰਾਂ ਵਿੱਚ ਕੁਝ ਸੀਮਤ ਡਰਾਈਵਰ ਹੀ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰ ਸਕਦੇ ਹਨ। ਅਸੀਂ ਇਹਨਾਂ ਖੇਤਰਾਂ (ਅਤੇ ਹੋਰ ਕਈ ਖੇਤਰਾਂ) ਦੇ ਹੋਰ ਡਰਾਈਵਰਾਂ ਲਈ ਵੀ ਇਸ ਫੀਚਰ ਨੂੰ ਉਪਲਬਧ ਕਰਵਾਉਣ ਲਈ ਕੰਮ ਕਰ ਰਹੇ ਹਾਂ।

**ਕੀ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨ ਲਈ ਮੈਨੂੰ ਕਿਸੇ ਖਾਸ ਖੇਤਰ ਵਿੱਚ ਗੱਡੀ ਚਲਾਉਣੀ ਪਵੇਗੀ?**

ਪ੍ਰਾਥਮਿਕਤਾ ਮੋਡ ਵਿੱਚ ਗੱਡੀ ਚਲਾਉਣ ਦੀ ਸਹੂਲਤ ਹਾਲੇ ਸਿਰਫ਼ ਮਿਆਮੀ, ਔਸਟਿਨ ਅਤੇ ਟੋਰਾਂਟੋ ਦੇ ਖੇਤਰਾਂ ਵਿੱਚ ਹੀ ਉਪਲਬਧ ਹੈ।

**ਪ੍ਰਾਥਮਿਕਤਾ ਮੋਡ ਵਿੱਚ ਕਿਰਾਇਆ (ਰੇਟ ਕਾਰਡ) ਘੱਟ ਕਿਉਂ ਹੈ?**

ਪ੍ਰਾਥਮਿਕਤਾ ਮੋਡ ਦੀ ਕਿਰਾਏ ਦੀ ਸਾਰਨੀ (ਰੇਟ ਕਾਰਡ) ਨਾਲ ਸਾਨੂੰ ਹਰ ਯਾਤਰਾ ਦਾ ਕਿਰਾਇਆ ਘਟਾਉਣ ਵਿੱਚ ਮਦਦ ਮਿਲਦੀ ਹੈ। ਕਿਰਾਏ ਵਿਚਲਾ ਇਹ ਅੰਤਰ ਸਾਨੂੰ ਯਾਤਰਾ ਦੀਆਂ ਬੇਨਤੀਆਂ ਨੂੰ ਵਧਾਉਣ ਵਿੱਚ ਮਦਦ ਕਰੇਗਾ। ਜਦੋਂ ਤੁਹਾਨੂੰ ਯਾਤਰਾ ਦੀਆਂ ਜ਼ਿਆਦਾ ਬੇਨਤੀਆਂ ਪ੍ਰਾਪਤ ਹੋਣਗੀਆਂ ਤਾਂ ਤੁਸੀਂ ਲੰਮੇ ਸਮੇਂ ਤੱਕ ਆਪਣੇ ਕੰਮ ਵਿੱਚ ਰੁੱਝੇ ਰਹਿ ਸਕਦੇ ਹੋ। ਇਸ ਨਾਲ ਸਾਨੂੰ ਯਾਤਰਾਵਾਂ ਦੇ ਵਿਚਕਾਰ ਤੁਹਾਡੇ ਖਾਲੀ ਸਮੇਂ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ, ਜਿਸ ਦਾ ਅਰਥ ਹੈ ਕਿ ਸਮੁੱਚੇ ਤੌਰ 'ਤੇ ਤੁਸੀਂ ਵੱਧ ਆਮਦਨ ਕਰ ਸਕਦੇ ਹੋ।

**ਪ੍ਰਾਥਮਿਕਤਾ ਮੋਡ ਚਾਲੂ ਹੋਣ 'ਤੇ ਮੇਰੀ ਆਮਦਨ ਦਾ ਹਿਸਾਬ ਕਿਵੇਂ ਕੀਤਾ ਜਾਵੇਗਾ?**

ਤੁਹਾਡੀ ਆਮਦਨ ਦਾ ਹਿਸਾਬ ਪ੍ਰਾਥਮਿਕਤਾ ਮੋਡ ਵਾਲੀ ਕਿਰਾਏ ਦੀ ਸਾਰਨੀ (ਰੇਟ ਕਾਰਡ) ਰਾਹੀਂ ਹੋਵੇਗਾ। ਪ੍ਰਾਥਮਿਕਤਾ ਮੋਡ ਵਿੱਚ, ਹਰ ਯਾਤਰਾ ਲਈ

ਤੁਹਾਨੂੰ ਘੱਟ ਕਿਰਾਇਆ ਪ੍ਰਾਪਤ ਹੋਵੇਗਾ, ਪਰ ਤੁਹਾਨੂੰ ਓਨੀਆਂ ਹੀ ਵੱਧ ਯਾਤਰਾਵਾਂ ਪ੍ਰਾਪਤ ਹੋਣਗੀਆਂ। ਆਪਣਾ ਪ੍ਰਾਥਮਿਕਤਾ ਮੋਡ ਦਾ ਕਿਰਾਇਆ ਤੁਸੀਂ ਆਪਣੀ ਡਰਾਈਵਰ ਐਪ ਵਿੱਚ ਚੈੱਕ ਕਰ ਸਕਦੇ ਹੋ।

**ਮੈਨੂੰ ਕਿਵੇਂ ਪਤਾ ਲੱਗੇਗਾ ਕਿ ਪ੍ਰਾਥਮਿਕਤਾ ਮੋਡ ਦੇ ਨਾਲ ਮੈਨੂੰ ਜ਼ਿਆਦਾ ਆਮਦਨ ਹੋ ਰਹੀ ਹੈ?**

ਤੁਹਾਡੇ ਦੁਆਰਾ ਸ਼ੁਰੂ ਵਿੱਚ ਕੁਝ ਘੰਟੇ ਪ੍ਰਾਥਮਿਕਤਾ ਮੋਡ ਦੀ ਵਰਤੋਂ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਈਮੇਲ ਰਾਹੀਂ ਪ੍ਰਾਥਮਿਕਤਾ ਮੋਡ ਦੇ ਦੌਰਾਨ ਤੁਹਾਡੀ ਆਮਦਨ ਅਤੇ ਉਸ ਸਮੇਂ ਦੌਰਾਨ ਗੈਰ-ਪ੍ਰਾਥਮਿਕਤਾ ਮੋਡ ਵਿੱਚ ਕੰਮ ਕਰਨ ਵਾਲੇ ਡਰਾਈਵਰਾਂ ਦੀ ਆਮਦਨ ਵਿਚਕਾਰ ਤੁਲਨਾ ਕਰਨ ਵਾਲੇ ਵੇਰਵੇ ਭੇਜਾਂਗੇ।

**ਕੀ ਪ੍ਰਾਥਮਿਕਤਾ ਮੋਡ ਮੈਨੂੰ ਪ੍ਰਾਪਤ ਹੋਣ ਵਾਲੇ ਕਿਸੇ ਹੋਰ ਬੋਨਸ ਨੂੰ ਪ੍ਰਭਾਵਿਤ ਕਰੇਗਾ?**

ਨਹੀਂ, ਤੁਸੀਂ ਅਜੇ ਵੀ ਪ੍ਰਾਥਮਿਕਤਾ ਮੋਡ ਵਿੱਚ ਕੰਮ ਕਰਨ ਦੌਰਾਨ ਦੂਜੇ ਬੋਨਸ ਪ੍ਰਾਪਤ ਕਰਨ ਦੇ ਯੋਗ ਹੋਵੋਂਗੇ।

**ਮੇਰੇ ਪ੍ਰਾਥਮਿਕਤਾ ਮੋਡ ਦੇ ਘੰਟੇ ਸਮਾਪਤ ਹੋਣ ਤੋਂ ਬਾਅਦ ਕੀ ਮੈਂ ਔਨਲਾਈਨ ਹੋ ਸਕਦਾ ਹਾਂ?**

ਤੁਸੀਂ ਕਿਸੇ ਵੀ ਸਮੇਂ ਔਨਲਾਈਨ ਹੋ ਸਕਦੇ ਹੋ। ਤੁਸੀਂ ਸਭ ਤੋਂ ਵੱਧ ਆਮਦਨ ਵਾਲੇ ਖੇਤਰ ਅਤੇ ਸਮੇਂ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਆਪਣੀ Lyft ਡਰਾਈਵਰ ਐਪ ਵਿੱਚ ਚੈੱਕ ਕਰ ਸਕਦੇ ਹੋ।

**ਮੇਰੇ ਪ੍ਰਾਥਮਿਕਤਾ ਮੋਡ ਦੇ ਘੰਟੇ ਕਦੋਂ ਰੀਸੈੱਟ ਹੁੰਦੇ ਹਨ?**

ਤੁਹਾਡੇ ਪ੍ਰਾਥਮਿਕਤਾ ਮੋਡ ਦੇ ਘੰਟੇ ਤੁਹਾਡੇ ਸਥਾਨਕ ਸਮੇਂ ਅਨੁਸਾਰ ਹਰ ਸੋਮਵਾਰ ਸਵੇਰੇ 5 ਵਜੇ ਰੀਸੈੱਟ ਹੋਣਗੇ।

**ਕੀ ਪ੍ਰਾਥਮਿਕਤਾ ਮੋਡ ਏਅਰਪੋਰਟ ਵਿਖੇ ਵੀ ਕੰਮ ਕਰਦਾ ਹੈ?**

ਨਹੀਂ, ਪ੍ਰਾਥਮਿਕਤਾ ਮੋਡ ਵਰਤਮਾਨ ਸਮੇਂ ਵਿੱਚ ਏਅਰਪੋਰਟ ਵਿਖੇ ਉਪਲਬਧ ਨਹੀਂ ਹੈ।

**ਕਿਹੜੀਆਂ ਕਿਸਮ ਦੀਆਂ ਯਾਤਰਾਵਾਂ ਪ੍ਰਾਥਮਿਕਤਾ ਮੋਡ ਲਈ ਯੋਗ ਹਨ?**

ਪ੍ਰਾਥਮਿਕਤਾ ਮੋਡ ਇਸ ਵੇਲੇ ਸਿਰਫ਼ ਸਟੈਂਡਰਡ ਯਾਤਰਾ ਬੇਨਤੀਆਂ ਲਈ ਉਪਲਬਧ ਹੈ। ਤੁਹਾਨੂੰ Lyft XL, ਲਗਜ਼, ਲਗਜ਼ ਬਲੈਕ, ਜਾਂ ਲਗਜ਼ ਬਲੈਕ XL ਲਈ ਯਾਤਰਾ ਦੀਆਂ ਬੇਨਤੀਆਂ ਪ੍ਰਾਪਤ ਹੋ ਸਕਦੀਆਂ ਹਨ ਪਰ ਤੁਹਾਨੂੰ ਇਹਨਾਂ ਬੇਨਤੀਆਂ ਤੱਕ ਪਹਿਲ ਦੇ ਆਧਾਰ 'ਤੇ ਪਹੁੰਚ ਪ੍ਰਾਪਤ ਨਹੀਂ ਹੋਵੇਗੀ।

**ਕੀ ਮੈਂ ਪ੍ਰਾਥਮਿਕਤਾ ਮੋਡ ਦੇ ਨਾਲ 'ਮੰਜ਼ਿਲ' ਵਾਲੇ ਫਿਲਟਰ ਦੀ ਵਰਤੋਂ ਕਰ ਸਕਦਾ ਹਾਂ?**

ਪ੍ਰਾਥਮਿਕਤਾ ਮੋਡ ਉਦੋਂ ਸਭ ਤੋਂ ਵਧੀਆ ਕੰਮ ਕਰਦਾ ਹੈ ਜਦੋਂ ਤੁਸੀਂ 'ਮੰਜ਼ਿਲ' ਵਾਲੇ ਫਿਲਟਰ ਦੀ ਵਰਤੋਂ ਨਹੀਂ ਕਰਦੇ ਹੋ। ਪ੍ਰਾਥਮਿਕਤਾ ਮੋਡ ਚਾਲੂ ਹੋਣ ਦੌਰਾਨ ਤੁਸੀਂ 'ਮੰਜ਼ਿਲ' ਵਾਲੇ ਫਿਲਟਰ ਦੀ ਵਰਤੋਂ ਕਰ ਸਕਦੇ ਹੋ, ਪਰ ਇਸ ਨਾਲ ਤੁਹਾਨੂੰ ਪ੍ਰਾਪਤ ਹੋਣ ਵਾਲੀਆਂ ਯਾਤਰਾ ਦੀਆਂ ਬੇਨਤੀਆਂ ਘੱਟ ਜਾਣਗੀਆਂ।

**ਪ੍ਰਾਥਮਿਕਤਾ ਮੋਡ ਨਾਲ 'ਜ਼ਰੂਰੀ ਸਮਾਨ ਦੀ ਡਿਲੀਵਰੀ' ਵਾਲਾ ਪ੍ਰੋਗਰਾਮ ਕਿਵੇਂ ਪ੍ਰਭਾਵਿਤ ਹੁੰਦਾ ਹੈ?**

ਪ੍ਰਾਥਮਿਕਤਾ ਮੋਡ ਵਿੱਚ ਹੋਣ ਦੌਰਾਨ ਵੀ ਤੁਹਾਨੂੰ ਡਿਲੀਵਰੀ ਵਾਲੀਆਂ ਯਾਤਰਾਵਾਂ ਨੂੰ ਪੂਰਾ ਕਰਨ ਦੀਆਂ ਬੇਨਤੀਆਂ ਪ੍ਰਾਪਤ ਹੋ ਸਕਦੀਆਂ ਹਨ।

ਪ੍ਰਾਥਮਿਕਤਾ ਮੋਡ ਚਾਲੂ ਹੋਣ ਦੌਰਾਨ, ਡਿਲੀਵਰੀ ਵਾਲੀਆਂ ਯਾਤਰਾਵਾਂ ਸਮੇਤ ਤੁਹਾਡੀਆਂ ਸਾਰੀਆਂ ਯਾਤਰਾਵਾਂ ਦਾ ਹਿਸਾਬ ਲਗਾਉਣ ਲਈ ਤੁਹਾਡੀ ਪ੍ਰਾਥਮਿਕਤਾ ਮੋਡ ਵਾਲੀ ਕਿਰਾਏ ਦੀ ਸਾਰਨੀ (ਰੇਟ ਕਾਰਡ) ਦੀ ਵਰਤੋਂ ਕੀਤੀ ਜਾਵੇਗੀ।